ਕਾਬੁਲ ਦੇ ਹੋਟਲ ਵਿਚ ਜ਼ਬਰਦਸਤ ਧਮਾਕੇ ਕਾਰਨ 7 ਮੌਤਾਂ, ਦਰਜਨਾਂ ਜ਼ਖ਼ਮੀ

ਕਾਬੁਲ ਦੇ ਹੋਟਲ ਵਿਚ ਹੋਏ ਧਮਾਕੇ ਤੋਂ ਬਾਅਦ ਧੂਆਂ ਉੱਠਦਾ ਹੋਇਆ।

ਕਾਬੁਲ, 19 ਜਨਵਰੀ : ਕਾਬੁਲ ਵਿਚ ਅੱਜ ਇਕ ਹੋਟਲ ਵਿਚ ਹੋਏ ਜ਼ਬਰਦਸਤ ਧਮਾਕੇ ਦੌਰਾਨ 7 ਮੌਤਾਂ ਹੋਣ ਦੀ ਖ਼ਬਰ ਆਈ ਹੈ। ਸਰਜੀਕਲ ਦੇਖਭਾਲ ਸਹੂਲਤ ਚਲਾਉਣ ਵਾਲੀ ਇਤਾਲਵੀ ਮੈਡੀਕਲ ਸੰਸਥਾ ਅਨੁਸਾਰ ਸੋਮਵਾਰ ਨੂੰ ਕੇਂਦਰੀ ਕਾਬੁਲ ਵਿਚ ਧਮਾਕੇ ਵਿਚ ਘੱਟੋ-ਘੱਟ ਸੱਤ ਲੋਕ ਮਾਰੇ ਗਏ ਅਤੇ ਇਕ ਦਰਜਨ ਦੇ ਕਰੀਬ ਜ਼ਖਮੀ ਹੋ ਗਏ। ਧਮਾਕੇ ਦੇ ਕਾਰਨ ਦਾ ਤੁਰਤ ਪਤਾ ਨਹੀਂ ਲੱਗ ਸਕਿਆ। ਅਜਿਹਾ ਲਗਦਾ ਹੈ ਕਿ ਇਹ ਧਮਾਕਾ ਅਫ਼ਗਾਨ ਰਾਜਧਾਨੀ ਦੇ ਸ਼ਹਿਰ-ਏ-ਨੌ ਜ਼ਿਲ੍ਹੇ ਦੇ ਇਕ ਰੈਸਟੋਰੈਂਟ ਵਿਚ ਹੋਇਆ ਸੀ। ਧਮਾਕੇ ਤੋਂ ਕੁਝ ਮਿੰਟਾਂ ਬਾਅਦ ਪੁਲਿਸ ਬੁਲਾਰੇ ਖਾਲਿਦ ਜ਼ਦਰਾਨ ਨੇ ਪੁਕਾਰਵਰ ਸਥਾਨ ਦੀ ਪਛਾਣ ਇਕ ਹੋਟਲ ਵਜੋਂ ਕੀਤੀ। ਇਤਾਲਵੀ ਐਨਜੀਓ, ਐਮਰਜੈਂਸੀ, ਨੇ ਰਿਪੋਰਟ ਦਿਤੀ ਕਿ ਧਮਾਕੇ ਤੋਂ ਪੁਕਾਵਰ 20 ਲੋਕਾਂ ਨੂੰ ਕਾਬੁਲ ਵਿਚ ਇਸ ਦੇ ਸਰਜੀਕਲ ਸੈਂਟਰ ਵਿਚ ਲਿਆਂਦਾ ਗਿਆ, ਜਿਨ੍ਹਾਂ ਵਿਚੋਂ ਸੱਤ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਸੰਗਠਨ ਨੇ ਕਿਹਾ ਕਿ ਜ਼ਖਮੀਆਂ ਦੀ ਗਿਣਤੀ ਅਜੇ ਵੀ ਅਸਥਾਈ ਹੈ। ਅਫ਼ਗਾਨਿਸਤਾਨ ਵਿਚ ਸੰਗਠਨ ਦੇ ਦੇਸ਼ ਨਿਰਦੇਸ਼ਕ, ਦੋਮਾਨ ਪੈਨਿਕ ਨੇ ਕਿਹਾ ਕਿ ਜ਼ਖਮੀਆਂ ਵਿਚ ਚਾਰ ਔਰਤਾਂ ਅਤੇ ਇਕ ਬੱਚਾ ਸ਼ਾਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਜ਼ਖਮੀਆਂ, ਜਿਨ੍ਹਾਂ ਵਿਚੋਂ ਕੁਝ ਦੀ ਸਰਜਰੀ ਹੋ ਰਹੀ ਹੈ, ਨੂੰ ਗੰਭੀਰ ਸੱਟਾਂ ਅਤੇ ਘਬਰਾਹਟ ਆਈ ਹੈ। ਗ੍ਰਹਿ ਮੰਤਰਾਲੇ ਦੇ ਬੁਲਾਰੇ ਅਬਦੁਲ ਮਤੀਨ ਕਾਨੀ ਨੇ ਕਿਹਾ ਕਿ ਧਮਾਕੇ ਵਿਚ ਮੌਤਾਂ ਅਤੇ ਜ਼ਖਮੀ ਹੋਏ ਹਨ, ਪਰ ਉਨ੍ਹਾਂ ਨੇ ਜ਼ਖਮੀਆਂ ਦੀ ਗਿਣਤੀ ਬਾਰੇ ਕੋਈ ਵੇਰਵਾ ਨਹੀਂ ਦਿਤਾ। ਚੀਨ ਦੇ ਸਰਕਾਰੀ ਪ੍ਰਸਾਰਕ ਸੀਸੀਟੀਵੀ ਨੇ ਰਿਪੋਰਟ ਦਿਤੀ ਕਿ ਇਕ ਰੈਸਟੋਰੈਂਟ ਵਿਚ ਹੋਏ ਧਮਾਕੇ ਵਿਚ ਦੋ ਚੀਨੀ ਨਾਗਰਿਕ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ ਅਤੇ ਇਕ ਸੁਰੱਖਿਆ ਗਾਰਡ ਦੀ ਮੌਤ ਹੋ ਗਈ। ਸਥਾਨਕ ਟੈਲੀਵਿਜ਼ਨ ਸਟੇਸ਼ਨ ਟੋਲੋ ਨਿਊਜ਼ ਦੁਆਰਾ ਪ੍ਰਸਾਰਤ ਫੁਟੇਜ, ਜੋ ਕਿ ਇਕ ਕਾਰ ਦੀ ਵਿੰਡਸਕਰੀਨ ਤੋਂ ਬਣਾਈ ਗਈ ਸੀ, ਵਿਚ ਸੜਕ 'ਤੇ ਲੋਕਾਂ ਨੂੰ ਧੂੰਆਂ ਅਤੇ ਧੂੜ ਦੇ ਨਾਲ ਦਿਖਾਇਆ ਗਿਆ ਹੈ। (ਏਜੰਸੀ)

3 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਟੱਪੀ ਚਾਂਦੀ ਦੀ ਕੀਮਤ

ਨਵੀਂ ਦਿੱਲੀ, 19 ਜਨਵਰੀ : ਘਰੇਲੂ ਅਤੇ ਆਲਮੀ ਬਾਜ਼ਾਰਾਂ 'ਚ ਮਜ਼ਬੂਤ ਮੰਗ ਕਾਰਨ ਸੋਮਵਾਰ ਨੂੰ ਕੌਮੀ ਰਾਜਧਾਨੀ 'ਚ ਚਾਂਦੀ ਦੀਆਂ ਕੀਮਤਾਂ 'ਚ 10,000 ਰੁਪਏ ਦਾ ਵੱਡਾ ਵਾਧਾ ਹੋਇਆ ਹੈ ਅਤੇ ਇਸ ਨੇ 3 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਰੀਕਾਰਡ ਅੰਕੜੇ ਨੂੰ ਪਾਰ ਕਰ ਲਿਆ ਹੈ। ਸੋਮਵਾਰ ਨੂੰ ਚਿੱਟੀ ਧਾਤੂ ਦੀ ਕੀਮਤ 3,02,600 ਰੁਪਏ ਪ੍ਰਤੀ ਕਿਲੋਗ੍ਰਾਮ ਉਤੇ

■ ਸੋਨੇ ਦੀ ਕੀਮਤ 'ਚ ਵੀ ਰੀਕਾਰਡ ਤੋੜ ਵਾਧਾ

ਕਾਰੋਬਾਰ ਕਰ ਰਹੀ ਸੀ। ਸਾਲ ਦੇ ਪਹਿਲੇ ਮਹੀਨੇ ਵਿਚ ਹੀ ਚਾਂਦੀ ਦੀਆਂ ਕੀਮਤਾਂ ਵਿਚ 63,600 ਰੁਪਏ ਜਾਂ 26.61 ਫੀਸਦੀ ਦਾ ਵਾਧਾ ਹੋ ਚੁਕਾ ਹੈ। ਸਥਾਨਕ ਸਰਾਫਾ ਬਾਜ਼ਾਰ 'ਚ ਵੀ ਸੋਨੇ ਦੀਆਂ ਕੀਮਤਾਂ 'ਚ ਜ਼ਬਰਦਸਤ ਵਾਧਾ ਵੇਖਣ ਨੂੰ ਮਿਲਿਆ। ਪੀਲੀ ਧਾਤੂ 1,900 ਰੁਪਏ ਚੜ੍ਹ ਕੇ 1,48,100 ਰੁਪਏ ਪ੍ਰਤੀ 10 ਗ੍ਰਾਮ ਉਤੇ ਪਹੁੰਚ ਗਈ। (ਏਜੰਸੀ)

ਘਰੇਲੂ ਕਲੇਸ਼ ਕਾਰਨ ਅਪਣੇ ਹੀ ਪਰਵਾਰ ਦੇ ਸੱਤ ਜੀਅ ਮਾਰੇ

ਪੇਸ਼ਾਵਰ, 19 ਜਨਵਰੀ : ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖੈਬਰ ਪਖ਼ਤੂਨਖ਼ਵਾ ਵਿਚ ਇਕ ਰੂਹ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿਥੇ ਇਕ ਵਿਅਕਤੀ ਨੇ ਘਰੇਲੂ ਕਲੇਸ਼ ਦੇ ਚਲਦਿਆਂ ਅਪਣੇ ਹੀ ਪਰਵਾਰ ਦੇ 7 ਮੈਂਬਰਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ। ਇਸ ਮੁਤਾਬਕ ਵਾਰਦਾਤ ਵਿਚ ਮੁਲਜ਼ਮ ਨੇ ਅਪਣੀ 2 ਮਹੀਨੇ ਦੀ ਮਾਸੂਮ ਧੀ ਨੂੰ ਵੀ ਨਹੀਂ ਬਖ਼ਸ਼ਿਆ। ਪੁਲਿਸ ਮੁਤਾਬਕ ਇਹ ਘਟਨਾ ਸੋਮਵਾਰ ਨੂੰ ਪੇਸ਼ਾਵਰ ਜ਼ਿਲ੍ਹਾਕੇ ਵਿਚ ਵਾਪਰੀ। ਮੁਲਜ਼ਮ ਦੀ ਪਛਾਣ ਡਾਕੂਰ ਉਰਫ਼ ਡਾਕੂਰ ਵਜੋਂ ਹੋਈ ਹੈ। ਦਸਿਆ ਜਾ ਰਿਹਾ ਹੈ ਕਿ ਘਰੇਲੂ ਝਗੜੇ ਤੋਂ ਬਾਅਦ ਡਾਕੂਰ ਨੇ ਅਪਣੇ ਘਰ ਦੇ ਅੰਦਰ ਮੌਜੂਦ ਰਿਸ਼ਤੇਦਾਰਾਂ 'ਤੇ ਅੰਨ੍ਹੇਵਾਹ ਫਾਇਰਿੰਗ ਕਰ ਦਿਤੀ। ਗ਼ਲੋਬਾਜ਼ੀ ਇਨੀਂ ਭਿਆਨਕ ਸੀ ਕਿ 7 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਵਾਰਦਾਤ ਵਿਚ ਮਾਰੇ ਗਏ ਲੋਕਾਂ 'ਚ ਮੁਲਜ਼ਮ ਦੇ 2 ਭਰਾ ਤੇ ਉਨ੍ਹਾਂ ਦੀਆਂ ਪਤਨੀਆਂ ਸ਼ਾਮਲ ਹਨ। (ਏਜੰਸੀ)

ਪਾਕਿਸਤਾਨ 'ਚ ਹਿੰਦੂ ਨੇਤਾ ਦੇ ਕਤਲ ਦਾ ਫ਼ਤਵਾ ਜਾਰੀ

ਇਸਲਾਮਾਬਾਦ, 19 ਜਨਵਰੀ : ਪਾਕਿਸਤਾਨ ਦੇ ਸਿੰਧ ਸੂਬੇ 'ਚ ਹਿੰਦੂ ਘੱਟ ਗਿਣਤੀ ਅਧਿਕਾਰ ਕਾਰਕੁਨ ਅਤੇ ਨੇਤਾ ਜ਼ਿਆ ਕਛੀ ਨੂੰ ਇਕ ਡਾਕੂਕ ਕੀਰੀਉ ਅਘੀਲ ਜਾਰੀ ਕੀਤੀ ਹੈ। ਉਨ੍ਹਾਂ ਦਸਿਆ ਕਿ ਨਾਬਾਲਗ ਹਿੰਦੂ ਕੜੀਆਂ ਨੂੰ ਜਬਰੀ ਅਗਵਾ ਕੇ ਉਨ੍ਹਾਂ ਦਾ ਧਰਮ ਪਰਿਵਰਤਨ ਵਿਰੁਧ ਆਵਾਜ਼ ਉਠਾਉਣ ਕਾਰਨ ਉਨ੍ਹਾਂ ਦੀ ਜਾਨ ਨੂੰ ਗੰਭੀਰ ਖ਼ਤਰਾ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਉਨ੍ਹਾਂ ਨੇ ਤਹਿਰੀਕ-ਏ-ਲੱਬੈਕ ਪਾਕਿਸਤਾਨ (ਟੀ.ਐੱਲ.ਪੀ.) ਦੇ ਸਰਹਿੰਦੀ ਗੁੱਟ ਨਾਲ ਜੁੜੇ ਮੌਲਵੀਆਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਉਸ ਵਿਰੁਧ ਫ਼ਤਵਾ ਜਾਰੀ ਕਰ ਕੇ ਕਤਲ ਦੀ ਧਮਕੀ ਦਿਤੀ ਹੈ। (ਏਜੰਸੀ)

ਕੈਨੇਡਾ ਭਾਰਤੀ ਡਾਕਟਰਾਂ ਨੂੰ ਦੇਵੇਗਾ ਐਕਸਪ੍ਰੈੱਸ ਵੀਜ਼ਾ

ਟੋਰਾਂਟੋ, 19 ਜਨਵਰੀ : ਕੈਨੇਡਾ ਨੇ ਅਪਣੀਆਂ ਡਾਕਟਰੀ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਭਾਰਤੀ ਡਾਕਟਰਾਂ ਨੂੰ ਇਕ ਵੱਡੀ ਪੇਸ਼ਕਸ਼ ਕੀਤੀ ਹੈ। ਇਸ ਦੇ ਤਹਿਤ ਭਾਰਤੀ ਡਾਕਟਰਾਂ ਨੂੰ ਐਕਸਪ੍ਰੈਸ ਵੀਜ਼ਾ ਐਂਟਰੀ ਦਿਤੀ ਜਾਵੇਗੀ। ਪਹਿਲੇ ਪੜਾਅ ਵਿਚ ਸੈਂਕੀ ਸੇਵਾਵਾਂ ਲਈ 1000 ਡਾਕਟਰਾਂ ਅਤੇ ਸੂਬਾਈ ਸਰਕਾਰਾਂ ਲਈ 5,000 ਡਾਕਟਰਾਂ ਨੂੰ ਵੀਜ਼ਾ ਜਾਰੀ ਕੀਤਾ ਜਾਵੇਗਾ। ਐਕਸਪ੍ਰੈਸ ਵੀਜ਼ਾ ਐਂਟਰੀ ਦਾ ਇਹ ਪਹਿਲਾ ਪੜਾਅ ਇਸ ਮਹੀਨੇ ਦੇ ਅੰਤ ਵਿਚ ਲਾਗੂ ਹੋਣ ਦੀ ਉਮੀਦ ਹੈ। ਕੈਨੇਡਾ ਵਿਚ ਪਹਿਲਾਂ ਤੋਂ ਕੰਮ ਕਰ ਰਹੇ ਭਾਰਤੀ ਡਾਕਟਰ ਅਤੇ ਭਾਰਤ ਤੋਂ ਜਾਣ ਦੇ ਇੱਛੁਕ ਮੈਡੀਕੋਜ਼ ਦੋਵੇਂ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੀ ਵੱਖ-ਵੱਖ ਮਾਪਦੰਡਾਂ ਦੇ ਆਧਾਰ ਉਤੇ ਜਾਂਚ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਲਗਭਗ 5 ਕਰੋੜ ਦੀ ਆਬਾਦੀ ਵਾਲੇ ਕੈਨੇਡਾ ਨੂੰ ਡਾਕਟਰਾਂ ਦੀ ਘਾਟ ਹੈ। ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਦੀ ਇਕ ਰੀਪੋਰਟ ਦੇ ਅਨੁਸਾਰ ਸਿਰਫ 37% ਮਰੀਜ਼ਾਂ ਨੂੰ 24 ਘੰਟਿਆਂ ਦੇ ਅੰਦਰ ਐਮਰਜੈਂਸੀ ਅਪੌਇੰਟਮੈਂਟ ਮਿਲਦੀ ਹੈ। 22 ਦਸੰਬਰ ਨੂੰ ਕੈਨੇਡਾ ਦੇ ਐਡਮਿੰਟਨ ਹਸਪਤਾਲ

● ਪਹਿਲੇ ਗੇੜ ਤਹਿਤ 6 ਹਜ਼ਾਰ ਡਾਕਟਰਾਂ ਨੂੰ ਮਿਲੇਗੀ ਐਂਟਰੀ

ਮੂਲ ਦੇ ਪ੍ਰਸ਼ਾਂਤ ਦੀ ਇਲਾਜ 'ਚ ਦੇਰੀ ਦੇ ਕਾਰਨ ਮੌਤ ਹੋਣ ਦਾ ਮਾਮਲਾ ਚਰਚਾ ਵਿਚ ਰਿਹਾ ਸੀ। ਕੈਨੇਡਾ ਵਿਚ ਹਰ ਸਾਲ ਉੱਚ-ਹੁਨਰ ਸ਼੍ਰੇਣੀ ਦੇ ਤਹਿਤ ਭਾਰਤੀਆਂ ਨੂੰ ਲਗਭਗ 30% ਤੋਂ ਵੱਧ ਵੀਜ਼ੇ ਜਾਰੀ ਹੁੰਦੇ ਹਨ। ਕੈਨੇਡਾ 'ਚ 2025 'ਚ 52 ਹਜ਼ਾਰ ਤੋਂ ਜ਼ਿਆਦਾ ਭਾਰਤੀ ਟੇਕ ਅਤੇ ਮੈਡੀਕੋ ਪ੍ਰੋਫੈਸ਼ਨਲ ਨੂੰ ਹਾਈ ਸਕਿਲ ਵੀਜ਼ਾ ਜਾਰੀ ਹੋਏ। ਇਸ ਕੈਟੇਗਰੀ 'ਚ ਦੂਜੇ ਨੰਬਰ 'ਤੇ ਚੀਨ ਨੂੰ 18 ਹਜ਼ਾਰ ਵੀਜ਼ੇ ਜਾਰੀ ਹੋਏ। ਪਿਛਲੇ 5 ਸਾਲ ਤੋਂ ਭਾਰਤ ਪਹਿਲੇ ਨੰਬਰ 'ਤੇ ਹੈ। ਭਾਰਤ ਅਤੇ ਕੈਨੇਡਾ ਨੇ ਦਸੰਬਰ ਵਿਚ ਇਕ ਆਰਥਕ ਭਾਈਵਾਲੀ ਸਮਝੌਤੇ ਉਤੇ ਗੱਲਬਾਤ ਸ਼ੁਰੂ ਕੀਤੀ, ਜੋ ਕਿ ਇਕ ਵਪਾਰਕ ਸਮਝੌਤੇ ਵਲ ਪਹਿਲਾ ਕਦਮ ਹੈ। ਇਹ ਸਮਝੌਤਾ ਪੰਜ ਸਾਲਾਂ ਤੋਂ ਰੁਕਿਆ ਹੋਇਆ ਸੀ। ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਇਸ ਸਾਲ ਭਾਰਤ ਦਾ ਦੌਰਾ ਕਰ ਸਕਦੇ ਹਨ। (ਏਜੰਸੀ)

ਚੈੱਕ ਗਣਰਾਜ ਨੂੰ ਹਰਾ ਫ਼ਾਈਨਲ 'ਚ ਪੁੱਜੀ ਕੈਨੇਡਾ ਦੀ ਅੰਡਰ-18 ਮਹਿਲਾ ਹਾਕੀ ਟੀਮ

ਵੈਨਕੂਵਰ, 19 ਜਨਵਰੀ (ਮਲਕੀਤ ਸਿੰਘ) : ਕੈਨੇਡਾ ਦੀ ਅੰਡਰ-18 ਮਹਿਲਾ ਹਾਕੀ ਟੀਮ ਨੇ ਵਿਸ਼ਵ ਚੌਂਪੀਅਨਸ਼ਿਪ ਦੇ ਸੈਮੀਫ਼ਾਈਨਲ ਵਿਚ ਚੈੱਕ ਗਣਰਾਜ ਨੂੰ 8-1 ਨਾਲ ਕਰਾਰੀ ਹਾਰ ਦੇ ਕੇ ਫ਼ਾਈਨਲ ਵਿਚ ਅਪਣੀ ਜਗ੍ਹਾ ਪੱਕੀ ਕਰ ਲਈ। ਇਹ ਮੈਚ ਕੈਨੇਡਾ ਦੇ ਸੂਬੇ ਨੋਵਾ ਸਕੋਸ਼ੀਆ ਦੇ ਸਿਡਨੀ ਸ਼ਹਿਰ ਵਿਚ ਖੇਡਿਆ ਗਿਆ, ਜਿੱਥੇ ਕੈਨੇਡੀਅਨ ਟੀਮ ਨੇ ਪਹਿਲੇ ਪੰਜ ਮਿੰਟਾਂ ਦੇ ਅੰਦਰ ਹੀ ਮੈਚ ਦਾ ਰੁਖ਼ ਅਪਣੇ ਪੱਖ ਵਿਚ ਕਰ ਲਿਆ। ਕੈਨੇਡਾ ਨੇ ਮੈਚ ਦੇ ਪਹਿਲੇ 5 ਮਿੰਟ 12 ਸਕਿੰਟਾਂ ਵਿਚ ਹੀ ਤਿੰਨ ਗੋਲ ਦਾਗ਼ ਕੇ ਵਿਰੋਧੀ ਟੀਮ ਨੂੰ ਪਿੱਛੇ ਧੱਕ ਦਿਤਾ। ਤੇਜ਼ ਰਫ਼ਤਾਰ ਹਮਲਿਆਂ, ਸਟੀਕ ਪਾਸਾਂ ਅਤੇ ਮਜ਼ਬੂਤ ਰੱਖਿਆ ਦੇ ਨਾਲ ਕੈਨੇਡਾ ਨੇ ਮੈਚ ਦੌਰਾਨ ਪੂਰੀ ਬੜਤ ਬਣਾਈ ਰੱਖੀ। ਪਹਿਲੇ ਪੀਰੀਅਡ ਵਿਚ ਬਣੀ ਬੜ੍ਹਤ ਨੇ ਚੈੱਕ ਗਣਰਾਜ ਨੂੰ ਮੁੜ ਸੰਭਲਣ ਦਾ ਮੌਕਾ ਹੀ ਨਾ ਦਿਤਾ। ਦੂਜੇ ਅਤੇ ਤੀਜੇ ਪੀਰੀਅਡ ਵਿਚ ਵੀ ਕੈਨੇਡਾ ਦੀਆਂ ਖਿਡਾਰਨਾਂ ਨੇ ਲਗਾਤਾਰ ਦਬਾਅ ਬਣਾਇਆ ਰੱਖਿਆ। ਹਮਲਾਵਰ ਖੇਡ ਦੇ ਨਾਲ-ਨਾਲ ਟੀਮ ਦੀ ਰੱਖਿਆ ਲਾਈਨ ਅਤੇ ਗੋਲਕੀਪਰ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਕਾਰਨ ਚੈੱਕ ਗਣਰਾਜ ਸਿਰਫ਼ ਇਕ ਹੀ ਗੋਲ ਕਰਨ ਵਿਚ ਕਾਮਯਾਬ ਹੋ ਸਕਿਆ। ਹੁਣ ਕੈਨੇਡਾ ਦੀ ਟੀਮ ਵਿਸ਼ਵ ਖਿਤਾਬ ਦੀ ਰੱਖਿਆ ਲਈ ਫ਼ਾਈਨਲ ਵਿਚ ਅਮਰੀਕਾ ਦਾ ਸਾਹਮਣਾ ਕਰੇਗੀ।

ਸਪੇਨ ਰੇਲ ਹਾਦਸੇ 'ਚ 39 ਲੋਕਾਂ ਦੀ ਮੌਤ, ਗਿਣਤੀ ਵਧਣ ਦਾ ਖ਼ਦਸ਼ਾ

ਮੈਡ੍ਰਿਡ, 19 ਜਨਵਰੀ : ਐਤਵਾਰ ਸ਼ਾਮ ਨੂੰ ਸਪੇਨ ਦੇ ਦੱਖਣ ਵਿਚ ਵੱਡਾ ਰੇਲ ਹਾਦਸਾ ਵਾਪਰਿਆ, ਜਿਸ ਵਿਚ ਕੁਲ 39 ਲੋਕਾਂ ਦੀ ਮੌਤ ਹੋ ਜਾਣ ਦੀ ਪੁਸ਼ਟੀ ਹੋਈ ਹੈ। ਇਸ ਹਾਦਸੇ ਵਿਚ ਕਈ ਲੋਕ ਜ਼ਖਮੀ ਹੋ ਗਏ ਹਨ, ਜੋ ਕਿ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਹਾਦਸੇ ਵਿਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਅਜੇ ਵੱਧ ਸਕਦੀ ਹੈ। ਸਰਕਾਰੀ ਬੁਲਾਰੇ ਮੁਤਾਬਕ ਸਪੇਨ ਵਿਚ ਲਗਭਗ ਇਕ ਦਹਾਕੇ ਤੋਂ ਵੱਧ ਸਮੇਂ ਵਿਚ ਸੰਭਵ ਤੌਰ ਭਿਆਨਕ ਰੇਲ ਹਾਦਸਾ ਹੋਇਆ ਹੈ ਜਿਸ ਵਿਚ ਦਰਜਨਾਂ ਲੋਕ ਜ਼ਖਮੀ ਹੋ ਗਏ ਹਨ। ਐਤਵਾਰ ਸ਼ਾਮ ਨੂੰ ਆਦਮੁਸ ਵਿਚ ਮੈਡ੍ਰਿਡ ਜਾਣ ਵਾਲੀ ਇਕ ਰੇਲਗੱਡੀ ਦੇ ਡੱਬੇ ਪਟੜੀ ਤੋਂ ਉਤਰ ਗਏ ਅਤੇ ਜੋ ਦੂਸਰੀ ਸਾਈਡ ਵਾਲੀ ਪਟੜੀਆਂ 'ਤੇ ਚੜ੍ਹ ਗਏ ਤੇ ਦੂਜੇ ਪਾਸੇ ਤੋਂ ਆ ਰਹੀ ਇਕ ਹੋਰ ਰੇਲਗੱ�ੀ ਨਾਲ ਟਕਰਾ ਗਏ ਜਿਸ ਕਾਰਨ ਹਾਦਸਾ ਵਾਪਰਿਆ।

ਸਪੇਨ ਵਿਚ ਰੇਲ ਹਾਦਸੇ ਤੋਂ ਬਾਅਦ ਦਾ ਦ੍ਰਿਸ਼।

ਰੇਲ ਅਧਿਕਾਰੀਆਂ ਨੇ ਦਸਿਆ ਕਿ ਦੋਵਾਂ ਰੇਲਗੱڈੀਆਂ ਵਿਚ 400 ਯਾਤਰੀ ਅਤੇ ਸਟਾਫ਼ ਮੈਂਬਰ ਸਵਾਰ ਸਨ। ਐਮਰਜੈਂਸੀ ਸੇਵਾਵਾਂ ਨੇ 122 ਲੋਕਾਂ ਦਾ ਇਲਾਜ ਕੀਤਾ, ਜਿਨ੍ਹਾਂ ਵਿਚੋਂ 48 (5 ਬੱਚਿਆਂ ਸਣੇ), ਅਜੇ ਵੀ ਹਸਪਤਾਲ ਇਲਾਜ ਅਧੀਨ ਹਨ। ਜ਼ਖਮੀ ਹੋਏ ਲੋਕਾਂ ਵਿਚੋਂ 11 ਬਾਲਗ਼ ਅਤੇ ਇਕ ਬੱਚਾ ਇੰਟੈਂਸਿਵ ਕੇਅਰ ਵਿਚ ਹੈ, ਜਿਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਸਪੇਨ ਦੇ ਟਰਾਂਸਪੋਰਟ ਮੰਤਰੀ ਨੇ ਇਸ ਘਟਨਾ ਨੂੰ ਬਹੁਤ ਭਿਆਨਕ ਦਸਿਆ। ਫ਼ਿਲਹਾਲ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਕੀਤਾ ਜਾ ਰਿਹਾ ਹੈ। ਹਾਦਸੇ ਮੌਕੇ ਰੇਲਗੱڈੀ ਕੋਈ 250 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀ ਸੀ। (ਏਜੰਸੀ)

ਅਮਰੀਕਾ 'ਚ ਨਸ਼ਾ ਤਸਕਰੀ ਵਿਚ ਫੜਿਆ ਭਾਰਤੀ ਮੂਲ ਦਾ ਜੋੜਾ

ਰਿਚਮੰਡ, 19 ਜਨਵਰੀ : ਅਮਰੀਕਾ ਦੇ ਵਰਜੀਨੀਆ 'ਚ ਇਕ ਵੱਡੇ ਅਪਰਾਧਕ ਨੈੱਟਵਰਕ ਦਾ ਪਰਦਾਫ਼ਾਸ਼ ਕਰਦਿਆਂ ਭਾਰਤੀ ਮੂਲ ਦੇ ਜੋੜੇ ਕੰਸ਼ਾ ਸ਼ਰਮਾ ਤੇ ਤਰੁਣ ਸਰਮਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਦੋਹਾਂ ਉਤੇ ਹੋਟਲ ਦੇ ਪਰਦੇ ਹੇਠ ਸੈਕਸ ਅਤੇ ਨਸ਼ਾ ਕਾਰੋਬਾਰ ਚਲਾਉਣ ਦਾ ਦੋਸ਼ ਹੈ। ਜਾਂਚ 'ਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੂੰ 'ਮਾਮਾ ਕੇ' ਤੇ 'ਪੱਪ' ਵਰਗੇ ਕੋਡ ਨਾਮ ਨਾਲ ਜਾਣਿਆ ਜਾਂਦਾ ਸੀ। 52 ਸਾਲ ਦੇ ਕੰਸ਼ਾ ਸ਼ਰਮਾ ਅਤੇ 55 ਸਾਲ ਦੇ ਵਰੁਣ ਸਰਮਾ ਵਰਜੀਨੀਆ 'ਚ ਰੈੱਡ ਕਾਰਪੇਟ ਇੰਨ' ਨਾਂ ਦਾ ਇਕ ਹੋਟਲ ਚਲਾਉਂਦੇ ਸਨ। ਅਧਿਕਾਰੀਆਂ ਮੁਤਾਬਕ, ਜੋੜਾ ਅਪਣੇ ਹੋਟਲ ਦੀ ਤੀਜੀ ਮੰਜ਼ਿਲ ਦਾ ਪ੍ਰਯੋਗ ਨਸ਼ਾ ਵੇਚਣ ਅਤੇ ਦੇਹ ਵਪਾਰ ਲਈ ਕਰਦਾ ਸੀ। ਹੇਠਾਂ ਵਾਲੀਆਂ ਮੰਜ਼ਿਲਾਂ ਉਤੇ ਆਮ ਮਹਿਮਾਨਾਂ ਨੂੰ ਠਹਿਰਾਇਆ ਜਾਂਦਾ ਸੀ ਤਾਕਿ ਕਿਸੇ ਨੂੰ ਸ਼ੱਕ ਨਾ ਹੋਵੇ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਦੋਵੇਂ ਮਈ 2023 ਤੋਂ ਕਿਰਾਏ 'ਤੇ ਹੋਟਲ ਨੂੰ ਚਲਾ ਰਹੇ ਸਨ। (ਏਜੰਸੀ)

ਦਖਣੀ ਅਫ਼ਰੀਕਾ 'ਚ ਸਕੂਲੀ ਬੱਸ ਹਾਦਸਾਗ੍ਰਸਤ, 13 ਬੱਚਿਆਂ ਦੀ ਮੌਤ

ਜੋਹਾਨਸਬਰਗ, 19 ਜਨਵਰੀ : ਦਖਣੀ ਅਫ਼ਰੀਕਾ ਦੇ ਗੌਟੇਂਗ ਸੂਬੇ ਵਿਚ ਸੋਮਵਾਰ ਸਵੇਰੇ ਇਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿਚ ਘੱਟੋ-ਘੱਟ 13 ਸਕੂਲੀ ਬੱਚਿਆਂ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਇਕ ਨਿੱਜੀ ਸਕੂਲ ਮਿਨੀ ਬੱਸ ਅਤੇ ਟਰੱਕ ਵਿਚਕਾਰ ਹੋਈ ਇਸ ਸਿੱਧੀ ਟੱਕਰ ਨੇ ਕਈ